# 4. ਸਿੱਠਣੀਆਂ

ਸਿੱਠਣੀ ਸ਼ਬਦ 'ਸਿੱਠ' ਤੋਂ ਬਣਿਆ ਹੈ, ਜਿਸਦੇ ਅਰਥ ਹਨ:-ਠਿੱਠ ਕਰਨਾ ਜਾਂ ਵਿਅੰਗ ਕੱਸਣਾ। ਸਿੱਠਣੀ ਦੇਣ ਵਾਲਾ ਸੁਣਨ ਵਾਲੀ ਧਿਰ ਨੂੰ 'ਠਿੱਠ' ਜਾਂ 'ਪਰੇਸ਼ਾਨ' ਕਰਕੇ ਸਵਾਦ ਲੈਂਦਾ ਹੈ।

'ਸੁਹਾਗ' ਅਤੇ 'ਘੋੜੀਆਂ' ਵਾਂਗ 'ਸਿੱਠਣੀ' ਵੀ ਵਿਆਹ ਨਾਲ ਸੰਬੰਧਤ ਕਾਵਿ-ਰੂਪ ਹੈ। ਸਿੱਠਣੀ, ਵਿਆਹ ਦੇ ਸਮੇਂ ਧੀ ਵਾਲੀ ਧਿਰ ਵਲੋਂ ਲਾੜੇ ਵਾਲੀ ਧਿਰ ਨੂੰ ਸਿੱਧੇ ਤੌਰ ਤੇ ਵਿਅੰਗ ਦਾ ਵਿਸ਼ਾ ਬਣਾ ਕੇ ਠਿੱਠ ਕਰਨ ਵਾਲੀ ਲੋਕ-ਕਾਵਿ ਦੀ ਮਹੱਤਵਪੂਰਨ ਵੰਨਗੀ ਹੈ। ਇਸ ਵਿੱਚ ਪੁੱਤ ਵਾਲੀ ਧਿਰ ਉੱਤੇ ਵਿਅੰਗ ਕੀਤੇ ਜਾਂਦੇ ਹਨ। ਲਾੜੇ ਵਾਲੀ ਧਿਰ ਨੂੰ ਅਨੈਤਿਕ ਬਣਾ ਕੇ ਚੋਟ ਮਾਰੀ ਜਾਂਦੀ ਹੈ। ਇੰਜ ਹਾਸ-ਵਿਅੰਗ ਸਿੱਠਣੀ ਦਾ ਵਿਸ਼ਾ ਹੁੰਦਾ ਹੈ। ਪੁੱਤ ਵਾਲੀ ਧਿਰ ਦੇ ਕਿਸੇ ਵਿਅਕਤੀ / ਰਿਸ਼ਤੇਦਾਰ ਆਦਿ ਦੀ ਕਿਸੇ ਸਰੀਰਕ ਜਾਂ ਸੁਭਾ ਪੱਖੋ ਕਮਜ਼ੋਰੀ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਬਹੁਤੀ ਵਾਰੀ ਇਹ ਪੇਸ਼ਕਾਰੀ ਕਾਲਪਨਿਕ ਹੀ ਹੁੰਦੀ ਹੈ।

ਦਰਅਸਲ ਪੰਜਾਬੀ ਸਮਾਜ ਦੀ ਬਣਤਰ ਵਿੱਚ ਦਾਦਕਾ / ਨਾਨਕਾ ਜਾਂ ਧੀ ਵਾਲਾ ਪੱਖ/ਮੁੰਡੇ ਵਾਲਾ ਪੱਖ ਪ੍ਰਧਾਨ ਇਕਾਈਆਂ ਹਨ। ਮਰਦ ਦੀ ਪਰਧਾਨਗੀ ਵਾਲੀ ਸਮਾਜਕ ਬਣਤਰ ਹੋਣ ਕਰਕੇ ਧੀ-ਪੱਖ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ। ਆਪਣੀ ਅਜਿਹੀ ਸਥਿਤੀ ਨੂੰ ਧੀ-ਪੱਖ ਸਿੱਠਣੀਆਂ ਦੁਆਰਾ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ। ਆਪਣੀ ਨੀਵੀਂ ਸਥਿਤੀ ਵਾਲੀ ਮਾਨਸਿਕਤਾ ਵਿੱਚੋਂ ਉਭਰਨ ਲਈ ਪੁੱਤ ਵਾਲੀ ਧਿਰ ਨੂੰ ਹਾਸੇ-ਠੱਠੇ ਦੇ ਹਥਿਆਰ ਦੁਆਰਾ ਛੁਟਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਕਈ ਵਾਰੀ ਸਿੱਠਣੀਆਂ ਪ੍ਰਸ਼ਨ / ਉੱਤਰ ਦੇ ਰੂਪ ਵਿੱਚ ਨਾਨਕਿਆਂ-ਦਾਦਕਿਆਂ ਦਰਮਿਆਨ ਹਾਸ-ਵਿਅੰਗ ਦੇ ਹਥਿਆਰ ਬਣ ਜਾਂਦੀਆਂ ਹਨ। ਇਸ ਨਾਲ ਵਿਆਹ ਦੀ ਖੁਸ਼ੀਆਂ ਵਿੱਚ ਹਾਸ-ਰਸ ਵਾਲਾ ਮਾਹੌਲ ਬਣਿਆ ਰਹਿੰਦਾ ਹੈ।

ਇੰਜ ਸਿੱਠਣੀ ਸ਼ੁਧ ਹਾਸੇ-ਮਖੌਲ ਵਾਲਾ ਲੋਕ-ਕਾਵਿ ਰੂਪ ਹੈ। ਇਸੇ ਕਰਕੇ ਇਹ ਕਾਵਿ-ਰੂਪ ਪੰਜਾਬੀ ਲੋਕ ਗੀਤਾਂ ਵਿੱਚੋਂ ਵੱਖਰੇ ਸੁਭਾ ਵਾਲਾ ਹੈ। ਇੱਥੇ ਸਿੱਠਣੀਆਂ ਦੀਆਂ ਕੁੱਝ ਵੰਨਗੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਵਿਦਿਆਰਥੀ ਇਸ ਲੋਕ-ਕਾਵਿ ਰੂਪ ਤੋਂ ਜਾਣੂ ਹੋ ਸਕਣ :-

ਨਾਨਕੀਆਂ ਨਾਲ ਸੰਬੰਧਿਤ

## ਹੁਣ ਕਿੱਧਰ ਗਈਆਂ ਵੇ

ਹੁਣ ਕਿੱਧਰ ਗਈਆਂ ਵੇ
ਵਿੰਦਰਾਂ ਤੇਰੀਆਂ ਨਾਨਕੀਆਂ
ਹੁਣ ਟੋਭੇ ਨ੍ਹਾਵਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੇ ਜੀ ਲੱਡੂ ਜੰਮੇ ਸੀ ਡੱਡੂ
ਹੁਣ ਟੋਭੇ ਛੱਡਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੀਆਂ ਸੀ ਖਿਲਾਂ
ਜੰਮੀਆਂ ਸੀ ਇੱਲ੍ਹਾਂ
ਹੁਣ ਅੰਬਰ ਭਾਉਂਦੀਆਂ ਨੇ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੀ ਸੀ ਪੰਜੀਰੀ
ਜੰਮੀ ਕੁੜੀ ਟੀਰੀ
ਹੁਣ ਟੀਰ ਕਢਾਮਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਖਾਧੇ ਸੀ ਪਕੌੜੇ
ਜੰਮੇ ਮੁੰਡੇ ਜੌੜੇ
ਹੁਣ ਜੌੜੇ ਖਲ੍ਹਾਵਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

ਪੀਤੀ ਸੀ ਪਿੱਛ
ਜੰਮੇ ਸੀ ਰਿੱਛ
ਹੁਣ ਖੇਡਾਂ ਪਾਵਣ ਗਈਆਂ
ਨੀਂ ਬੀਬੀ ਮੇਰੀਆਂ ਨਾਨਕੀਆਂ

* * * *

**(ਟੋਭੇ – ਛੱਪੜ; ਟੀਰੀ - ਟੇਡਾ ਵੇਖਣਾ; ਜੌੜੇ – ਦੋ; ਪਿੱਛ - ਉਬਾਲੇ ਹੋਏ ਚੌਲਾਂ ਦਾ ਪਾਣੀ।)**

## ਰੜੇ ਟਟਿਹਰੀ ਬੋਲੇ

ਕੱਲ੍ਹ ਦਾ ਆਇਆ ਮੇਲ ਨਾਨਕਾ
ਛੱਕ 'ਗੀਆਂ ਨੌ ਮਨ ਛੋਲੇ
ਇਨ੍ਹਾਂ ਨਾਨਕੀਆਂ ਦੀ
ਰੜੇ ਟਟਿਹਰੀ ਬੋਲੇ
ਇਨ੍ਹਾਂ ਨਾਨਕੀਆਂ ਦੇ
ਮੂੰਹ ਚੋੜੇ ਢਿੱਡ ਪੋਲੇ
ਨੱਚਣਾ ਨਾ ਆਵੇ
ਬੰਨ ਕੇ ਆਈਆਂ ਟੋਲੇ
ਨੱਚਣਾ ਨਾ ਆਵੇ

* * * *

**ਲਾੜੇ ਨਾਲ ਸੰਬੰਧਿਤ**

## ਲਾੜਾ ਬੈਠਾ ਤਰਸਦਾ

ਕੋਠੇ ਉੱਤੇ ਖਰਖਰਾ
ਖਰਖਰਾ ਬਈ ਖਰਖਰਾ
ਹੋਰਨਾਂ ਦੇ ਦੋ-ਦੋ ਬਹੂਆਂ
ਲਾੜਾ ਬੈਠਾ ਤਰਸਦਾ
ਤਰਸਦਾ ਬਈ ਤਰਸਦਾ

* * * *

## ਤੇਰਾ ਬਾਂਦਰ ਵਰਗਾ ਬੂਥਾ

ਲਾੜਿਆ ਕਿਹੜੇ ਸ਼ਹਿਰੋਂ ਆਇਆ
ਜਿੱਥੇ ਅੰਬ ਬੀ ਨਾ
ਤੇਰਾ ਬਾਂਦਰ ਵਰਗਾ ਬੂਥਾ
ਮੂੰਹ ਵਿੱਚ ਦੰਦ ਬੀ ਨਾ

* * * *

## ਮੰਜੀ ਮੇਰੀ ਮਾਂ ਲਗਦੀ

ਲਾੜਿਆ ਜੁੜ ਜਾ ਮੰਜੀ ਦੇ ਨਾਲ
ਮੰਜੀ ਤੇਰੀ ਕੀ ਲਗਦੀ
ਕਿੱਕੂੰ ਜੁੜ ਜਾਂ ਮੰਜੀ ਦੇ ਨਾਲ
ਮੰਜੀ ਤੇਰੀ ਮਾਂ ਲਗਦੀ
ਪਾਵੇ ਮੇਰੇ ਪਿਉ ਲਗਦੇ

* * * *

**( ਬਹੂਆਂ - ਵਹੁਟੀਆਂ; ਬੂਥਾ - ਮੂੰਹ; ਕਿੱਕੂੰ - ਕਿਉਂ। )**

**ਭੈਣ ਨਾਲ ਸੰਬੰਧਿਤ**

## ਸਾਗ ਘੋਟਦੀ ਨੇ ਭੰਨਤੀ ਤੌੜੀ

ਲਾੜੇ ਦੀ ਭੈਣਾਂ ਕੰਜਰੀ ਸੁਣੀਂਦੀ
ਕੰਜਰੀ ਸੁਣੀਂਦੀ, ਬਹੇਲ ਸੁਣੀਂਦੀ
ਕੋਠੇ ਚੜ੍ਹ ਜਾਂਦੀ ਬਿਨ ਪੌੜੀ
ਨੀ ਕੰਜਰਾਂ ਨੇ ਮੱਤ ਨਾ ਦਿੱਤੀ
ਸਾਗ ਘੋਟਦੀ ਨੇ ਭੰਨਤੀ ਤੌੜੀ
ਨੀ ਕੰਜਰਾਂ ਨੇ ਮੱਤ ਨਾ ਦਿੱਤੀ.....

* * * *

## ਲਾੜੇ ਦੀ ਭੈਣਾਂ ਟੀਰ ਕੱਢਦੀ

ਲਾੜੇ ਦੀ ਭੈਣ ਟੇਢਾ ਚੀਰ ਕੱਢਦੀ
ਟੇਢਾ ਚੀਰ ਕੱਢਦੀ
ਨਾਲੇ ਟੀਰ ਕੱਢਦੀ
ਨਾਲ਼ੇ ਟੀਰ ਕੱਢਦੀ , ਨਾਲ਼ੇ ਟੀਰ ਕੱਢਦੀ

* * * *

**( ਭੰਨਤੀ - ਤੋੜ ਦੇਣਾ; ਤੌੜੀ - ਮਿੱਟੀ ਦਾ ਭਾਂਡਾ। )**

## ਟੇਢੀਆਂ ਟੋਪੀਆਂ ਲੱਗਣ ਵਜ਼ੀਰ

ਅੰਦਰੋਂ ਨਿਕਲ ਮਿੰਦਰ ਕੁਰੇ ਨੀਂ
ਨੀਂ ਆਏ ਤੇਰੇ ਵੀਰ
ਟੇਢੀਆਂ, ਟੇਢੀਆਂ ਟੋਪੀਆਂ ਤੇ ਲੱਗਣ ਵਜ਼ੀਰ

* * * *

**ਕੁੜਮ ਨਾਲ ਸੰਬੰਧਿਤ**

## ਮਗਰ ਜੋਰੂ ਨੂੰ ਖੜ੍ਹਾ ਲੈ ਵੇ

ਕੁੜਮਾ ਖੜ੍ਹਾ ਵੇ ਖੜੋਤਾ ਤੇਰਾ ਲੱਕ ਥੱਕ ਜੂ
ਮਗਰ ਜੋਰੂ ਨੂੰ ਖੜ੍ਹਾ ਲੈ ਵੇ ਅੜੋਕਣ ਲੱਗ ਜੂ

* * * *

## ਕੁੜਮ ਵਹਿੜਕਾ ਨਾਗ੍ਹਾ

ਸਭ ਗੈਸ ਬੁਝਾ ਦਿਉ ਜੀ
ਸਾਡਾ ਕੁੜਮ ਬੈਟਰੀ ਵਰਗਾ
ਸਭ ਮਿਰਚਾਂ ਰਗੜੋ ਜੀ
ਸਾਡਾ ਕੁੜਮ ਘੋਟਣੇ ਵਰਗਾ
ਕੋਈ ਮੱਕੀ ਕੁਟਾ ਲੋ ਜੀ
ਸਾਡਾ ਕੁੜਮ ਦੈਂਗੜੇ ਵਰਗਾ
ਕੋਈ ਹਲਟੀ ਜੋੜੋ ਜੀ
ਸਾਡਾ ਕੁੜਮ ਵਹਿੜਕਾ ਨਾਗ੍ਹਾ

* * * *

## ਕੁੜਮਾਂ ਥੋੜ੍ਹਾ ਖਾਈਂ ਵੇ

ਕੁੜਮਾਂ ਥੋੜ੍ਹਾ ਖਾਈਂ ਵੇ
ਤੇਰਾ ਢਿੱਡ ਬੜਾ ਚਟਕੂਰਾ
ਅਜੇ ਨਹੀਂ ਰੱਜਦਾ
ਤਾਂ ਮੋਠਾਂ ਦਾ ਗੂਣਾ

* * * *

**( ਜੋਰੂ - ਪਤਨੀ; ਦੈਂਗੜੇ - ਭਾਰੇ ਸਰੀਰ ਦਾ। )**

**ਬਚੋਲੇ ਨਾਲ ਸੰਬੰਧਿਤ**

## ਬਚੋਲਾ ਚੜ੍ਹਾਉਣਾ ਝੋਟੇ ਤੇ

ਮੱਕੀ ਦਾ ਦਾਣਾ ਕਾਂ ਬੋਲੇ
ਬਚੋਲਾ ਰੋਵੇ ਮਾਂ ਕੋਲ਼ੇ
ਮੱਕੀ ਦਾ ਦਾਣਾ ਕੋਠੇ ਤੇ
ਬਚੋਲਾ ਚੜ੍ਹਾਉਣਾ ਝੋਟੇ ਤੇ
ਮੱਕੀ ਦਾ ਦਾਣਾ ਟਿੰਡ ਵਿੱਚ ਵੇ
ਬਚੋਲਾ ਨੀ ਰਖਣਾ ਪਿੰਡ ਵਿੱਚ ਵੇ

* * * *

## ਬਚੋਲੇ ਨੂੰ ਕੁੱਟਣਾ ਸੱਥ ਵਿੱਚ ਵੇ

ਮੱਕੀ ਦਾ ਦਾਣਾ ਰਾਹ ਵਿੱਚ ਵੇ
ਬਚੋਲਾ ਨੀ ਰਖਣਾ ਵਿਆਹ ਵਿੱਚ ਵੇ
ਮੱਕੀ ਦਾ ਦਾਣਾ ਦਰ ਵਿੱਚ ਵੇ
ਬਚੋਲਾ ਨੀ ਰਖਣਾ ਘਰ ਵਿੱਚ ਵੇ
ਮੱਕੀ ਦਾ ਦਾਣਾ ਟਿੰਡ ਵਿੱਚ ਵੇ
ਬਚੋਲਾ ਨੀ ਰਖਣਾ ਪਿੰਡ ਵਿੱਚ ਵੇ
ਮੱਕੀ ਦਾ ਦਾਣਾ ਖੂਹ ਵਿੱਚ ਵੇ
ਬਚੋਲਾ ਨੀ ਰਖਣਾ ਜੂਹ ਵਿੱਚ ਵੇ
ਮੱਕੀ ਦਾ ਦਾਣਾ ਹੱਥ ਵਿੱਚ ਵੇ
ਬਚੋਲਾ ਕੁੱਟਣਾ ਸੱਥ ਵਿੱਚ ਵੇ

* * *

## ਬਚੋਲਾ ਰੋਂਦਾ ਗਲੀ ਗਲੀ

ਤੇਲ ਨਾ ਲੱਭਦਾ ਵੱਟੀਆਂ ਨੂੰ
ਬਚੋਲਾ ਨੱਚਦਾ ਹੱਟੀਆਂ ਨੂੰ
ਰੂੰ ਨਾ ਲੱਭਦੀ ਲੇਫਾਂ ਨੂੰ
ਬਚੋਲਾ ਰੋਂਦਾ ਲੇਖਾਂ ਨੂੰ
ਤੇਲ ਨਾ ਵਿਕਦਾ ਪਲੀ-ਪਲੀ
ਬਚੋਲਾ ਰੋਂਦਾ ਗਲੀ-ਗਲੀ

* * * *

**(ਨੱਠਦਾ = ਭੱਜਦਾ, ਲੇਖਾਂ = ਕਿਸਮਤ)**

## ਬੁੜ੍ਹਿਆਂ ਦੇ ਕਰੋ ਨਬੇੜੇ

ਬੋਤੇ ਬੱਬਰ ਭਰਗੇ ਜਾਨੀਉਂ ਵੇ
ਹੁਣ ਉਠ ਜੋ ਆਵਦੇ ਡੇਰੇ
ਢਿੱਡ ਭਾਰੇ ਹੋਗੇ ਸਾਜਨੋ ਵੇ
ਬੁੜਿਆਂ ਨੂੰ ਚੱਕ ਲੋ ਘਨੇੜੇ
ਖੂਹੀ ਨੇੜੇ ਆ ਸਾਜਨੋ ਵੇ
ਬੁੜ੍ਹਿਆਂ ਦੇ ਕਰੋ ਨਬੇੜੇ

* * * *

## ਜੰਨ ਬੁੱਢਿਆਂ ਦੀ ਆਈ

ਚੰਦ ਚਾਨਣੀ ਰਾਤ
ਤਾਰਾ ਕੋਈ-ਕੋਈ ਐ
ਜੰਨ ਬੁੱਢਿਆਂ ਦੀ ਆਈ
ਮੁੰਡਾ ਕੋਈ-ਕੋਈ ਐ
ਚੰਨ ਚਾਨਣੀ ਰਾਤ
ਤਾਰਾ ਇਕ ਵੀ ਨਹੀਂ
ਜੰਨ ਕਾਣਿਆਂ ਦੀ ਆਈ
ਸਾਬਤ ਇਕ ਵੀ ਨਹੀਂ

* * * *

## ਜਾਨੀ ਬੰਨ੍ਹ ਦਿੱਤੇ

ਬੰਨ ਦਿੱਤੇ ਜਾਨੀ ਬੰਨ੍ਹ ਦਿੱਤੇ
ਬੰਨ੍ਹ ਦਿੱਤੇ ਜੱਗ ਦੀ ਰੀਤ
ਬੰਨ੍ਹੀ ਰੋਟੀ ਜੇ ਖਾ ਗਏ
ਥੋਡੇ ਕੋੜਮੇ ਨੂੰ ਲੱਗਜੂ ਲੀਕ

(**ਥੋਡੇ** = **ਤੁਹਾਡੇ**)

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਸਿੱਠਣੀ' ਸ਼ਬਦ ਤੋਂ ਕੀ ਭਾਵ ਹੈ?

ਪ੍ਰਸ਼ਨ 2. 'ਸਿੱਠਣੀ' ਵਿਆਹ ਵਿੱਚ ਕਦੋਂ ਦਿੱਤੀ ਜਾਂਦੀ ਹੈ?

ਪ੍ਰਸ਼ਨ 3. 'ਲਾੜ' ਨਾਲ ਸੰਬੰਧਿਤ ਕੋਈ ਇੱਕ ਸਿੱਠਣੀ ਲਿਖੋ?

ਪ੍ਰਸ਼ਨ 4. 'ਸਾਗ ਘੋਟਦੀ ਨੇ ਭੰਨਤੀ ਤੌੜੀ' ਸਿੱਠਣੀ ਦਾ ਸੰਬੰਧ ਕਿਸ ਨਾਲ ਹੈ ਤੇ ਇਸ ਵਿੱਚ ਕੀ ਕਿਹਾ ਗਿਆ ਹੈ?

ਪ੍ਰਸ਼ਨ 5. 'ਕੁੜਮ' ਨਾਲ ਸੰਬੰਧਿਤ ਕੋਈ ਦੋ ਸਿੱਠਣੀਆਂ ਲਿਖੋ?

ਪ੍ਰਸ਼ਨ 6. 'ਜੰਞ' ਨਾਲ ਸੰਬੰਧਿਤ ਕੋਈ ਇੱਕ ਸਿੱਠਣੀ ਲਿਖੋ?

ਪ੍ਰਸ਼ਨ 7. 'ਬਚੋਲੇ' ਨਾਲ ਸੰਬੰਧਿਤ ਕੋਈ ਇੱਕ ਸਿੱਠਣੀ ਲਿਖੋ?